੧ੴ ਸ੍ਰੀ ਅਕਾਲ ਸਹਾਇ ॥

# ਅਨੰਦਪੁਰ ਤੋਂ ਅਬਚਲ ਨਗਰ

**ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਛਡਣ ਦੀ ਤਾਰੀਖ ਤੋਂ ਲੈਕੇ ਸ੍ਰੀਹਜ਼ੂਰ ਸਾਹਿਬ ਪੁੱਜਣ ਤਕ, ਰਸਤੇ ਵਿਚ ਠਹਿਰੇ ਟਿਕਾ-ਣਿਆਂ ਤੇ ਪੁਜਣ ਤੇ ਉਥੋਂ ਤੁਰਨ ਦੀਆਂ ਤਾਰੀਖਾਂ ਤੇ ਸੰਮਤਾਂ ਦਾ ਵੇਰਵਾ ।**

੧ ਸੰਮਤ ੧੭੬੨, ਮਿਤੀ ੧੫ ਮੱਘਰ ਸੁਦੀ ੧੧ (੧੫ ਨਵੰਬਰ ੧੭੦੫) ਵੀਰਵਾਰ ਅੱਧੀ ਰਾਤ ਅਨੰਦਪੁਰ ਤੋਂ ਕੂਚ (ਤਵਾਰੀਖ ਗੁਰੂ ਖਾਲਸਾ)

੨ ੧੬ ਮੱਘਰ ਸੁਦੀ ੧੨ (੧੬-੧੧-੧੭੦੫) ਸ਼ੁਕਰਵਾਰ ਦੀ ਰਾਤ ਚਮਕੌਰ ਘੇਰੇ ਗਏ ।

੩ ੧੭ ਮੱਘਰ ਸੁਦੀ ੧੩ (੧੭-੧੧-੧੭੦੫) ਸ਼ਨੀਵਾਰ ਚਮਕੌਰ ਜੁੱਧ ਕਰਕੇ ਰਾਤੀ ਨਿਕਲ ਗਏ । (ਜ਼ਫਰਨਾਮਾ ਬੰਤ ੪੨ ਅਤੇ ਤਵਾਰੀਖ ਗੁਰੂ ਖਾਲਸਾ) ।

੪ ਸੰਮਤ ੧੭੬੨, ੬ ਚੇਤ ਸੁਦੀ ੧ ਸੋਮਵਾਰਿ (੪ ਮਾਰਚ ੧੭੦੬) ਕਾਂਗੜ-ਦੀਨੇ ਤੋਂ ਸੰਗਤਾਂ ਵਲ ਹੁਕਮਨਾਮੇ ਲਿਖੇ (ਹੁਕਮਨਾਮਾ, ਸੰਗਤਿ ਚੇਲਾ-ਮਾਝਾ ਜੋਗ)

੫ ਸੰਮਤ ੧੭੬੩ ਮਿਤੀ ੨੧ ਵੈਸਾਖ ਜੇਠ ਵਦੀ ੧ (੧੮ ਐਪ੍ਰਿਲ ੧੭੦੬) ਵੀਰ-ਵਾਰ ਮੁਕਤਿਸਰ ਜੁੱਧ (ਤਵਾਰੀਖ ਗੁਰੂ ਖਾਲਸਾ)

੬ ਸਾਵਣ (ਜੁਲਾਈ ੧੭੦੬) ਵਿਚ ਸਾਬੋ ਕੀ ਤਲਵੰਡੀ ਪਧਾਰੇ । (ਤਵਾਰੀਖ ਗੁਰੂ ਖਾਲਸਾ)

੭ ੧੭੬੩ ੨੦ ਕੱਤਿਕ ਸੁਦੀ ੧੧ (੨੧-੧੦-੧੭੦੬) ਸੋਮਵਾਰਿ ਤਲਵੰਡੀ ਤੋਂ ਬੈਰਾੜਾਂ ਦੀ ਸੰਗਤ ਵਲ ਹੁਕਮਨਾਮਾ ਲਿਖਕੇ ਦੱਖਣ ਪਿਆਨੇ ਕਰਨ ਦੀ ਸੂਚਨਾ ਦਿਤੀ ।

੮ ੨੯ ਕੱਤਿਕ ਸੁਦੀ ੫ [੩੦-੧੦-੧੭੦੬] ਬੁਧਵਾਰਿ ਦਮਦਮਾ ਤਲਵੰਡੀ ਤੋਂ ਕੂਚ ਫੁਰਮਾਇਆ ।

੯ ਲੋਹੜੀ ਮਾਘ [ਅਖੀਰ ਦਸੰਬਰ ੧੭੦੬] ਗਿਰਦੇ ਬੀਕਾਨੇਰ ਦੇ ਪ੍ਰਸਿਧ ਤੀਰਥ ਕਲਾਯਤ ਜੀ ਜਾ ਵਿਰਾਜੇ ।

੧੦ ਚੜ੍ਹਦੇ ਚੇਤ੍ਰ [ਮਾਰਚ] 'ਅਰਬੁਲੀ' ਪਰਬਤ ਲੰਘੇ, ਤਾਂ ਔਰੰਗਜ਼ੇਬ ਦੇ ਮਰਨ ਦੀ ਖਬਰ ਮਿਲੀ ।

੧੧ ੧੯-੨੦ ਚੇਤ੍ਰ 'ਮਾਹੀ' ਨਦੀਕੰਢ, ਬਾਘੌਰ ਪਧਾਰੇ । ਭੂਮੀਆਂ ਨਾਲ ਜੰਗ ਕਰਕੇ ਦਿੱਲੀ ਵਲ ਮੋੜੇ ਪਾਏ [ਸ਼ਹੀਦ ਬਿਲਾਸ ਭਾਈ ਮਨੀ ਸਿੰਘ ਅਤੇ 'ਸ੍ਰੀ ਗੁਰੂ ਸੋਭਾ']

**ਪ੍ਰਕਾਸ਼ਕ- ਮਾਸਟਰ ਗਿਆਨ ਸਿੰਘ ਨਿਹੰਗ 'ਸੁਤੰਤਰ'**

PL-1443

Digitized by Panjab Digital Library | www.panjabdigilib.org